# ਖ਼ਤਰਨਾਕ ਤਰੀਕੇ ਨਾਲ ਗੱਡੀ ਚਲਾਉਣ ਦੀ ਸ਼ਿਕਾਇਤ ਕਿਵੇਂ ਕਰੀਏ:

### ਐਮਰਜੈਂਸੀ ਵਿੱਚ, 000 'ਤੇ ਫ਼ੋਨ ਕਰੋ

ਐਮਰਜੈਂਸੀ ਜਾਂ ਜਾਨ ਨੂੰ ਖ਼ਤਰੇ ਵਾਲੀਆਂ ਸਥਿਤੀਆਂ ਲਈ, ਹਮੇਸ਼ਾ ਤੁਰੰਤ **000** 'ਤੇ ਫ਼ੋਨ ਕਰੋ।

### ਕ੍ਰਾਈਮ ਸਟੌਪਰਜ਼ ਨੂੰ ਰਿਪੋਰਟ ਕਰੋ

**1800 333 000** 'ਤੇ ਫ਼ੋਨ ਕਰੋ ਜਾਂ **crimestoppersvic.com.au** 'ਤੇ ਔਨਲਾਈਨ ਰਿਪੋਰਟ ਕਰੋ। ਤੁਸੀਂ ਗੁੰਮਨਾਮ ਰਹਿ ਸਕਦੇ ਹੋ।

### ਜੋ ਤੁਸੀਂ ਸੁਰੱਖਿਅਤ ਢੰਗ ਨਾਲ ਰਿਕਾਰਡ ਕਰ ਸਕਦੇ ਹੋ, ਉਸਨੂੰ ਰਿਕਾਰਡ ਕਰੋ

ਗੱਡੀ ਦੇ ਵੇਰਵੇ ਨੋਟ ਕਰੋ ਅਤੇ ਜੇਕਰ ਉਪਲਬਧ ਹੋਵੇ ਤਾਂ ਡੈਸ਼ਕੈਮ ਫੁੱਟੇਜ ਦੀ ਵਰਤੋਂ ਕਰੋ।



ਸਾਡੀ ਵੈੱਬਸਾਈਟ 'ਤੇ ਸੜਕ ਸੁਰੱਖਿਆ ਬਾਰੇ ਹੋਰ ਜਾਣਨ ਲਈ ਇਸਨੂੰ ਸਕੈਨ ਕਰੋ।

Crime Stoppers Victoria

ਮਈ 2025 ਵਿੱਚ ਛਾਪਿਆ ਗਿਆ

Punjabi | ਪੰਜਾਬੀ

# BRAKE THE HABIT

## LOWER YOUR SPEED



CRIME STOPPERS .com.au 1800 333 000 Victoria

VICTORIA POLICE

TAC

# ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ

ਜ਼ਿਆਦਾਤਰ ਡਰਾਈਵਰ ਗਤੀ ਸੀਮਾ ਦੀ ਪਾਲਣਾ ਕਰਦੇ ਹਨ, ਪਰ ਥੋੜ੍ਹੇ ਜਿਹੇ ਤੇਜ਼ ਵੀ ਚਲਾਉਂਦੇ ਹਨ।

ਜਦੋਂ ਤੁਸੀਂ ਗਤੀ ਸੀਮਾ ’ਤੇ ਜਾਂ ਥੋੜ੍ਹੀ ਘੱਟ ਗਤੀ ਨਾਲ ਗੱਡੀ ਚਲਾਉਂਦੇ ਹੋ, ਤਾਂ ਸਾਰੇ ਸੁਰੱਖਿਅਤ ਰਹਿੰਦੇ ਹਨ।



# ਗੱਡੀ ਤੇਜ਼ ਚਲਾਉਣ ਦੇ ਨਤੀਜੇ

- **ਜ਼ਿੰਦਗੀ ਭਰ ਲਈ ਸੱਟ ਲੱਗਣਾ:**
  ਤੇਜ਼ ਰਫ਼ਤਾਰ ਨਾਲ ਗੰਭੀਰ ਸੱਟਾਂ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ—ਤੁਹਾਨੂੰ ਵੀ ਅਤੇ ਦੂਜਿਆਂ ਨੂੰ ਵੀ।

- **ਮਾਨਸਿਕ ਪ੍ਰਭਾਵ:**
  ਹਾਦਸੇ ਸਿਰਫ਼ ਸਰੀਰਕ ਜ਼ਖਮ ਹੀ ਨਹੀਂ ਦਿੰਦੇ – ਬਲਿਕ ਇਨ੍ਹਾਂ ਦਾ ਹਾਦਸੇ ਵਿੱਚ ਸ਼ਾਮਿਲ ਹਰ ਵਿਅਕਤੀ ’ਤੇ ਸਥਾਈ ਮਾਨਸਿਕ ਅਤੇ ਭਾਵਨਾਤਮਕ ਪ੍ਰਭਾਵ ਪੈ ਸਕਦਾ ਹੈ।

- **ਲਾਇਸੈਂਸ ਚਲੇ ਜਾਣਾ:**
  ਆਪਣਾ ਲਾਇਸੈਂਸ ਗੁਆਉਣ ਦਾ ਮਤਲਬ ਤੁਹਾਡੀ ਨੌਕਰੀ, ਤੁਹਾਡੀ ਆਜ਼ਾਦੀ, ਅਤੇ ਉਹ ਕੰਮ ਕਰਨ ਦੀ ਤੁਹਾਡੀ ਯੋਗਤਾ ਗੁਆਉਣਾ ਹੋ ਸਕਦਾ ਹੈ ਜਿਨ੍ਹਾਂ ਦਾ ਤੁਸੀਂ ਆਨੰਦ ਮਾਣਦੇ ਹੋ।

# ਤੱਥ

### ਗਤੀ ਦੀਆਂ ਹੱਦਾਂ ਤੁਹਾਡੀ ਸੁਰੱਖਿਆ ਲਈ ਹੁੰਦੀਆਂ ਹਨ।

- ਇਹ ਹਾਦਸੇ ਹੋਣ ਦੇ ਖ਼ਤਰੇ ਅਤੇ ਨੁਕਸਾਨ ਨੂੰ ਘਟਾਉਣ ਲਈ ਹਨ।
- ਘੱਟ ਗਤੀ ਨਾਲ ਹਾਦਸੇ ਹੋਣ ਦਾ ਮਤਲਬ ਹੈ ਘੱਟ ਗੰਭੀਰ ਸੱਟਾਂ।

### ਥੋੜ੍ਹੀ ਜਿਹੀ ਵੀ ਤੇਜ਼ੀ ਨਾਲ ਗੱਡੀ ਚਲਾਉਣੀ ਖ਼ਤਰਨਾਕ ਹੁੰਦੀ ਹੈ।

- ਵਿਕਟੋਰੀਆ ਦੀਆਂ ਸੜਕਾਂ 'ਤੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣਾ ਘੱਟੋ-ਘੱਟ 30% ਘਾਤਕ ਹਾਦਸਿਆਂ ਅਤੇ 25% ਗੰਭੀਰ ਸੱਟਾਂ ਦਾ ਕਾਰਨ ਬਣਦੀ ਹੈ।

### ਥੋੜ੍ਹੀ ਜਿਹੀ ਤੇਜ਼ ਰਫ਼ਤਾਰ ਦੇ ਵੀ ਵੱਡੇ ਨਤੀਜੇ ਹੋ ਸਕਦੇ ਹਨ।

- ਗਤੀ ਸੀਮਾ ਤੋਂ ਸਿਰਫ਼ 5 ਕਿਲੋਮੀਟਰ ਪ੍ਰਤੀ ਘੰਟਾ ਜ਼ਿਆਦਾ ਦੀ ਰਫ਼ਤਾਰ ਨਾਲ ਗੱਡੀ ਚਲਾਉਣ ਨਾਲ ਤੁਹਾਡੇ ਹਾਦਸਾ ਗ੍ਰਸਤ ਹੋਣ ਦਾ ਖ਼ਤਰਾ 44% ਵੱਧ ਜਾਂਦਾ ਹੈ।
- ਜੇਕਰ ਰਫ਼ਤਾਰ 10 ਕਿਲੋਮੀਟਰ ਪ੍ਰਤੀ ਘੰਟਾ ਵੱਧ ਹੋ ਜਾਵੇ ਤਾਂ ਇਹ ਜ਼ੋਖਮ ਦੁੱਗਣਾ ਹੋ ਜਾਂਦਾ ਹੈ।
- ਗਤੀ ਸੀਮਾ ਤੋਂ 5 ਕਿਲੋਮੀਟਰ ਪ੍ਰਤੀ ਘੰਟਾ ਦੀ ਘੱਟ ਰਫ਼ਤਾਰ ਨਾਲ ਗੱਡੀ ਚਲਾਉਣ ਨਾਲ ਤੁਹਾਡੇ ਹਾਦਸਾ ਗ੍ਰਸਤ ਹੋਣ ਦੇ ਜ਼ੋਖਮ ਨੂੰ 30% ਤੋਂ ਵੱਧ ਘਟਾਇਆ ਜਾ ਸਕਦਾ ਹੈ।

# ਸੁਰੱਖਿਅਤ ਗੱਡੀ ਚਲਾਉਣਾ

### ਆਪਣੀ ਗਤੀ ਘਟਾਉਣ ਲਈ ਸੁਝਾਅ:

- ਕਰੂਜ਼ ਕੰਟਰੋਲ ਦੀ ਵਰਤੋਂ ਕਰੋ – ਖੁੱਲ੍ਹੀਆਂ ਸੜਕਾਂ ਜਾਂ ਹਾਈਵੇਅ 'ਤੇ, ਇਹ ਇੱਕੋ ਜਿਹੀ ਸਥਿਰ, ਕਾਨੂੰਨੀ ਗਤੀ ਬਣਾਈ ਰੱਖਣ ਵਿੱਚ ਮੱਦਦ ਕਰਦਾ ਹੈ।
- ਆਪਣੇ ਸਮੇਂ ਦੀ ਯੋਜਨਾ ਬਣਾਓ – ਦੇਰ ਨਾਲ ਤੁਰਨ ਕਰਨੇ ਗੱਡੀ ਤੇਜ਼ ਭਜਾਉਣ ਦੇ ਲਾਲਚ ਤੋਂ ਬਚਣ ਲਈ ਜਲਦੀ ਜਾਓ।
- ਜੇਕਰ ਤੁਸੀਂ ਗੱਡੀ ਵਿੱਚ ਬੈਠੀ ਸਵਾਰੀ ਹੋ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਂਦਾ ਹੈ, ਤਾਂ ਉਨ੍ਹਾਂ ਨਾਲ ਗੱਲ ਕਰੋ — ਉਨ੍ਹਾਂ ਨੂੰ ਦੱਸੋ ਕਿ ਇਹ ਠੀਕ ਨਹੀਂ ਹੈ ਅਤੇ ਉਹ ਜਾਨਾਂ ਨੂੰ ਜ਼ੋਖਮ ਵਿੱਚ ਪਾ ਰਹੇ ਹਨ।

# ਜੁਰਮਾਨੇ

- 10 km/h ਤੋਂ ਘੱਟ ਦੀ ਤੇਜ਼ ਰਫ਼ਤਾਰ ਲਈ **$247 ਜੁਰਮਾਨਾ** ਅਤੇ **1 ਡੀਮੈਰਿਟ ਪੁਆਇੰਟ** ਮਿਲ ਸਕਦਾ ਹੈ।

- ਜੇਕਰ ਤੁਸੀਂ 10–24 km/h ਵਿਚਕਾਰ ਤੇਜ਼ ਰਫ਼ਤਾਰ ਕਰਦੇ ਹੋ ਤਾਂ **$395 ਜੁਰਮਾਨਾ** ਅਤੇ **3 ਡੀਮੈਰਿਟ ਪੁਆਇੰਟ** ਮਿਲ ਸਕਦੇ ਹਨ।

*ਇਹ ਜੁਰਮਾਨੇ ਅਤੇ ਡੀਮੈਰਿਟ ਪੁਆਇੰਟ ਸਮੇਂ ਦੇ ਨਾਲ ਬਦਲ ਸਕਦੇ ਹਨ।